**OFFICE OF EXECUTIVE ENGINEER, ESTATE**
**LUDHIANA CANAL CIRCLE, LUDHIANA**
**DEPARTMENT OF WATER RESOURCES PUNJAB**
(email id- xenestateldh@gmail.com)

ਨੰਬਰ: ਮਿਤੀ :-

## ਨੋਟਿਸ ਬੋਲੀ

ਰੋਪੜ ਨਹਿਰ ਅਤੇ ਗਰਾਉਂਡ ਮੰਡਲ ਅਧੀਨ ਆਉਂਦਾ ਮਹਾਰਾਜਾ ਰਣਜੀਤ ਸਿੰਘ ਬਾਗ ਵਿਖੇ ਮਿਲਕ ਪਲਾਂਟ ਬੂਥ ਰੋਪੜ ਹੈੱਡਵਰਕਸ, ਰੋਪੜ ਦੀ ਸਮਾਂ 10-07-2024 ਤੋਂ 09-07-2025 ਤੱਕ ਦੀ ਲੀਜ ਬੋਲੀ ਮਿਤੀ 04-07-2024 ਨੂੰ ਹੇਠ ਲਿਖੇ ਸਥਾਨਾ ਚ ਨਿਸਚਿਤ ਕੀਤੀ ਗਈ ਹੈ । ਜੇਕਰ ਇਸ ਮਿਤੀ ਨੂੰ ਅਚਾਨਕ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਅਗਲੇ ਕੰਮ ਵਾਲੇ ਦਿਨ ਬੋਲੀ ਕੀਤੀ ਜਾਵੇਗੀ । ਬੋਲੀ ਦੇਣ ਦੇ ਚਾਹਵਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਸ਼ਚਿਤ ਸਮੇ ਸਿਰ ਪੁੱਜ ਕੇ ਲਾਭ ਉਠਾਉਣ। ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਬੂਥ ਵਾਸਤੇ ਬੋਲੀ ਦੀ ਰਾਖਵੀ ਰਕਮ (Reserve price), ਅਤੇ ਸੁਰੱਖਿਆ ਰਕਮ Security amount) ਕੀਮਤ ਨਿਰਧਾਰਨ ਕਮੇਟੀ ਦੁਆਰਾ ਕੀਤੀ ਗਈ (ਸਲਾਨਾ) ਨਿਰਧਾਰਤ ਰਕਮ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਬੂਥ ਦਾ ਵੇਰਵਾ | ਅਧੀਨ ਆਉਂਦਾ ਬੂਥ | ਬੂਥ ਦਾ ਖੇਤਰਫਲ | ਰਾਖਵੀ ਕੀਮਤ ਸਾਲਾਨਾ ਰੁਪਏ | ਸਕਿਉਰਟੀ ਰਕਮ | ਬੋਲੀ ਕਰਵਾਉਣ ਦੀ ਮਿਤੀ ਅਤੇ ਨਿਸਚਤ ਸਥਾਨ |
|---|---|---|---|---|---|---|
| 1 | ਵੇਰਕਾ ਮਿਲਕ ਪਲਾਂਟ ਬੂਥ ਰੋਪੜ ਹੈੱਡਵਰਕਸ, ਰੋਪੜ | ਉਪ ਮੰਡਲ ਅਫਸਰ, ਰੋਪੜ ਹੈੱਡਵਰਕਸ ਉਪ ਮੰਡਲ, ਰੋਪੜ | 30'x 40' + ਸਟੋਰ ( 14' X 28' ) | 12500/- | 1250/- | 04.07.2024 (ਕਾਰਜਕਾਰੀ ਇੰਜੀਨੀਅਰ ਰੋਪੜ ਨਹਿਰ ਅਤੇ ਗਰਾਉਂਡ ਵਾਟਰ ਮੰਡਲ) ਸਮਾ 10.30 AM |

2. ਇਹ ਬੂਥ 1 ਸਾਲ ਦੀ ਮਿਆਦ ਲਈ ਲੀਜ਼ 'ਤੇ ਦਿੱਤਾ ਜਾਵੇਗਾ। ਨਵੀਂ ਨਿਲਾਮੀ ਲੀਜ਼ ਦੀ ਮਿਆਦ ਦੀ ਸਮਾਪਤੀ ਜਾਂ ਕਿਸੇ ਵੀ ਲੀਜ਼ ਸਮਝੌਤੇ ਨੂੰ ਰੱਦ ਕਰਨ ਤੋਂ ਬਾਅਦ ਕੀਤੀ ਜਾਵੇਗੀ।

3. ਸਾਰੇ ਭਾਗੀਦਾਰਾਂ ਨੂੰ ਬੋਲੀ ਦੀ ਪ੍ਰਕਿਰਿਆ ਵਿਚ ਹਿੱਸਾ ਲੈਣ ਤੋਂ ਪਹਿਲਾਂ ਕੀਮਤ ਨਿਰਧਾਰਨ ਕਮੇਟੀ ਦੁਆਰਾ ਨਿਰਧਾਰਤ ਕੀਤੀ ਗਈ ਘੱਟੋ-ਘੱਟ ਸੁਰੱਖਿਆ ਰਕਮ ਜੋ ਉਪਰ ਦਿੱਤੇ ਟੇਬਲ ਅਨੁਸਾਰ ਦੱਸੀ ਗਈ ਹੈ ਕੈਸ਼ /ਡਿਮਾਂਡ ਡਰਾਫਟ ਦੇ ਤੋਰ ਤੇ ਜਮ੍ਹਾਂ ਕਰਵਾਈ ਜਾਵੇਗੀ। ਡਿਮਾਂਡ ਡਰਾਫਟ Executive Engineer/Ropar Canal and Ground water Division, WRD,Ropar. ਦੇ ਨਾਮ ਤੇ ਹੋਵੇਗਾ। ਇਹ ਰਕਮ (Security amount) ਨਿਲਾਮੀ ਪੂਰੀ ਹੋਣ ਤੋਂ ਬਾਅਦ ਅਸਫਲ ਬੋਲੀਕਾਰਾਂ ਨੂੰ ਵਾਪਸ ਕਰ ਦਿੱਤੀ ਜਾਵੇਗੀ ਜਦੋਂ ਕਿ ਸਫਲ ਬੋਲੀਕਾਰ ਦੀ ਸੁਰੱਖਿਆ ਰਕਮ (Security amount) ਨੂੰ ਸਫਲ ਬੋਲੀ ਦੀ ਰਕਮ ਵਿੱਚ ਐਡਜਸਟ ਕੀਤਾ ਜਾਵੇਗਾ।

4. ਸਫਲ ਬੋਲੀਕਾਰ, ਬੋਲੀ ਪ੍ਰਕਿਰਿਆ ਦੇ ਸਮਾਪਤ ਕਰਨ ਲਈ ਮੌਕੇ 'ਤੇ 2 ਮਹੀਨਿਆਂ ਦੀ ਲੀਜ਼ ਦੀ ਰਕਮ (Cash) ਦੇ ਰੂਪ ਵਿੱਚ ਮੌਕੇ ਤੇ ਜਾਂ 2 ਘੰਟਿਆ ਦੇ ਸਮੇ ਅੰਦਰ ਜਮ੍ਹਾ ਕਰਵਾਏਗਾ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸਥਿਤੀ ਵਿੱਚ,, ਉਸ ਦੀ

Security amount ਜ਼ਬਤ ਕਰ ਲਈ ਜਾਵੇਗੀ ਅਤੇ ਬੋਲੀ ਦੀ ਪ੍ਰਕਿਰਿਆ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸਫਲ ਬੋਲੀਕਾਰ 2 ਮਹੀਨਿਆਂ ਦੀ ਲੀਜ਼ ਰਕਮ ਜਮ੍ਹਾ ਨਹੀਂ ਕਰਵਾ ਦਿੰਦਾ। ਇਹ ਰਕਮ ਆਉਣ ਵਾਲੇ ਮਹੀਨਿਆਂ ਦੇ ਕਿਰਾਏ ਵਿੱਚ ਐਡਜਸਟ ਕੀਤੀ ਜਾਵੇਗੀ।

5. ਮਹੀਨਾਵਾਰ ਲੀਜ਼ ਦੀ ਰਕਮ ਅਲਾਟੀ ਦੁਆਰਾ ਹਰ ਮਹੀਨੇ ਦੀ 7 ਤਰੀਕ ਤੋਂ ਪਹਿਲਾਂ ਜਮ੍ਹਾ ਕਰਵਾਈ ਜਾਵੇਗੀ।

6. ਮਹੀਨਾਵਾਰ ਕਿਰਾਇਆ ਜਮ੍ਹਾ ਕਰਨ ਵਿੱਚ ਅਸਫਲ ਰਹਿਣ 'ਤੇ ਨਿਰਧਾਰਤ ਮਿਤੀ ਤੋਂ ਬਾਅਦ ਮਹੀਨਾਵਾਰ ਕਿਰਾਏ ਦੇ 20% ਵਾਧੇ ਦਾ ਜੁਰਮਾਨਾ ਲਗਾਇਆ ਜਾਵੇਗਾ। ਲਗਾਤਾਰ 3 ਮਹੀਨਿਆਂ ਲਈ ਕਿਰਾਏ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਲੀਜ਼ ਸਮਝੌਤੇ ਨੂੰ ਰੱਦ ਕੀਤਾ ਜਾਵੇਗਾ।

7. ਸਫਲ ਬੋਲੀਕਾਰ ਨੂੰ ਵਿਭਾਗ ਦੀ ਜ਼ਮੀਨ 'ਤੇ ਕੋਈ ਦਰੱਖਤ ਕੱਟਣ/ਵੱਢਣ/ਵਧਾਉਣ/ਕਬਜਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

8 ਰਾਖਵੀਂ ਕੀਮਤ (ਸਲਾਨਾ) 1000 ਰੁਪਏ ਪ੍ਰਤੀ ਬੋਲੀ ਵਧੇਗੀ।

9. ਚਲਦੀ ਬੋਲੀ ਦੀ ਪੂਰਨ ਵਿਡੀਓਗ੍ਰਾਫੀ ਕਰਵਾਈ ਜਾਵੇਗੀ।

10. ਸਫਲ ਬੋਲੀਕਾਰ ਵੱਲੋ ਅਸ਼ਟਾਮ ਤੇ ਯੋਗ ਸ਼ਰਤਾਂ ਅਨੁਸਾਰ ਸਬੰਧਤ ਕਾਰਜਕਾਰੀ ਇੰਜੀਨੀਅਰ ਨਾਲ ਐਗਰੀਮੈਂਟ ਕੀਤਾ ਜਾਵੇਗਾ।

11. ਬੂਥ ਦਾ ਕਬਜਾ ਮਿਤੀ 09-07-2025 ਨੂੰ ਬਾਅਦ ਦੁਪਹਿਰ ਛੱਡਣਾ ਪਵੇਗਾ।

12.ਬੂਥ ਦੇ ਸੰਬੰਧ ਵਿੱਚ ਜੋ ਵੀ ਪੰਜਾਬ ਸਰਕਾਰ ਵੱਲੋ ਸਮੇ -2 ਸਿਰ ਹਦਾਇਤਾਂ ਜਾਰੀ ਹੋਣਗੀਆ, ਉਹਨਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

13. ਬੋਲੀ ਪ੍ਰਵਾਨ ਕਰਨ ਦਾ ਜਾ ਨਾ ਕਰਨ ਦਾ ਪੂਰਾ ਅਧਿਕਾਰ ਉੱਚ ਅਧਿਕਾਰੀਆ ਨੂੰ ਹੋਵੇਗਾ।

14. ਖਾਣ-ਪੀਣ ਵਾਲੀਆ ਚੀਜਾ ਦੇ ਰੇਟ ਤੋਲ/ਮਾਪ ਦਾ ਆਧਾਰ ਮਾਰਕਿਟ ਰੇਟ ਤੇ ਵੱਧ ਨਹੀ ਹੋਣਾ ਚਾਹੀਦਾ ਅਤੇ ਉਹਨਾਂ ਦੀ ਰੇਟ ਲਿਸਟ/ Flex Board ਲਗਾਇਆ ਜਾਵੇਗਾ।

15. ਖਾਣ-ਪੀਣ ਵਾਲੀਆ ਚੀਜਾ ਵਧੀਆ ਅਤੇ ਸਦਾ ਢੱਕੀਆ ਹੋਣੀਆ ਚਾਹੀਦੀਆ ਹਨ।

16. ਬਿਜਲੀ/ ਪਾਣੀ ਦਾ ਪ੍ਰਬੰਧ ਅਤੇ ਖਪਤ ਦਾ ਖਰਚਾ ਸਫਲ ਬੋਲੀਕਾਰ ਦਾ ਹੋਵੇਗਾ।

17. ਇਹ ਕਿ ਬੂਥ ਦਾ ਆਲਾ-ਦੁਆਲਾ ਸਾਫ ਸੁਥਰਾ ਰੱਖਿਆ ਜਾਵੇ ਅਤੇ ਕਿਸੇ ਪ੍ਰਕਾਰ ਦਾ ਪ੍ਰਦੂਸ਼ਣ ਨਹੀਂ ਕੀਤਾ ਜਾਵੇਗਾ। ਜਿਸ ਦੀ ਉਲੰਘਣਾ ਕਰਨ ਦੀ ਜਿੰਮੇਵਾਰੀ ਖੁਦ ਬੋਲੀਕਾਰ ਦੀ ਹੋਵੇਗੀ।

18. ਸਫਲ ਬੋਲੀਕਾਰ ਬੂਥ ਤੇ ਕਿਸੇ ਪ੍ਰਕਾਰ ਦੁਰਘਟਨਾ/ ਲੜਾਈ - ਝਗੜਾ/ ਲਿਟੀਗੇਸ਼ਨ ਆਦਿ ਦਾ ਖੁਦ ਜਿਮੇਵਾਰ ਹੋਵੇਗਾ।

19. ਵਧੇਰੇ ਜਾਣਕਾਰੀ/ ਪੁੱਛ ਗਿੱਛ ਲਈ ਉਪ ਮੰਡਲ ਅਫਸਰ, ਰੋਪੜ ਹੈੱਡਵਰਕਸ ਉਪ ਮੰਡਲ, ਰੋਪੜ ( ਮੋਬਾਇਲ ਨੰਬਰ 8054251920) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

20. ਜਲ ਸਰੋਤ ਵਿਭਾਗ ਕੋਲ ਲੀਜ ਸਮਝੋਤੇ ਨੂੰ ਰੱਦ ਕਰਨ ਦਾ Suo-motu ਅਧਿਕਾਰ ਹੋਵੇਗਾ ਅਤੇ ਸਬੰਧਤ ਅਲਾਟੀ ਨੂੰ ਬੂਥ ਖਾਲੀ ਕਰਨ ਲਈ 15 ਦਿਨ ਦਾ ਸਮਾ ਦਿੱਤਾ ਜਾਵੇਗਾ।

21.ਜੇਕਰ ਸਫਲ ਬੋਲੀਕਾਰ ਵੱਲੋਂ ਨਿਸਚਿਤ ਖੇਤਰਫਲ ਤੋਂ ਜਿਆਦਾ ਏਰੀਆਂ ਵਰਤੋਂ ਵਿੱਚ ਲਿਆਦਾ ਜਾਦਾ ਹੈ ਤਾ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਕਮਰਸੀਅਲ ਰੇਟ ਤੇ ਜੁਰਮਾਨਾ ਵਸੂਲਿਆ ਜਾਵੇਗਾ।

22. ਜੇਕਰ ਕੋਈ ਬੋਲੀਕਾਰ ਬੋਲੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰਾ ਦਾ ਗਲਤ ਵਿਵਹਾਰ ਜਾਂ ਅਨੁਸਾਸ਼ਨ ਭੰਗ ਕਰਦਾ ਹੈ ਤਾ ਉਸਦੀ ਸੁਰੱਖਿਆ ਰਕਮ (Security amount) ਜਬਤ ਕਰ ਲਈ ਜਾਵੇਗੀ ਅਤੇ ਉਸਨੂੰ ਬੋਲੀ ਦੌਰਾਨ ਡੀਬਾਰ ਕਰ ਦਿੱਤਾ ਜਾਵੇਗਾ।

24 JUN 2024

ਸਹੀ/

ਕਾਰਜਕਾਰੀ ਇੰਜੀਨੀਅਰ/ਅਸਟੇਟ
ਲੁਧਿਆਣਾ ਨਹਿਰ ਹਲਕਾ,
ਜਲ ਸਰੋਤ ਵਿਭਾਗ, ਪੰਜਾਬ
ਲੁਧਿਆਣਾ

ਪਿੱਠ ਅੰਕਣ ਨੰਬਰ: 466-72 19-L/RC/Ropar ਮਿਤੀ: 19/6/24

ਉਪਰੋਕਤ ਦਾ ਉਤਾਰਾ:-

1. ਨਿਗਰਾਨ ਇੰਜੀਨੀਅਰ, ਲੁਧਿਆਣਾ, ਜਲ ਸਰੋਤ ਵਿਭਾਗ, ਪੰਜਾਬ, ਲੁਧਿਆਣਾ।
2. ਕਾਰਜਕਾਰੀ ਇੰਜੀਨੀਅਰ/ਹੈੱਡਕੁਆਟਰ ਕਮ-ਅਸਟੇਟ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਮੰਡਲ, ਰੋਪੜ ਨੂੰ ਲਿਖਿਆ ਜਾਂਦਾ ਹੈ ਕਿ ਕਾਪੀ ਨੋਟਿਸ ਬੋਰਡ ਤੇ ਲਗਾਈ ਜਾਵੇ।
4. ਡਿਪਟੀ ਕਮਿਸ਼ਨਰ, ਰੋਪੜ।
5. ਉਪ ਮੰਡਲ ਅਫਸਰ, ਰੋਪੜ ਨੂੰ ਲਿਖਿਆ ਜਾਂਦਾ ਹੈ ਕਿ ਇਸ ਨੋਟਿਸ ਦੀ ਇੱਕ ਕਾਪੀ ਨੂੰ ਨੋਟਿਸ ਬੋਰਡ ਤੇ ਲਗਾਇਆ ਜਾਵੇ।
6. ਕਾਰਜਕਾਰੀ ਇੰਜੀਨੀਅਰ, ਆਈ.ਟੀ. ਸਾਖਾ ਮੁੱਖ ਦਫਤਰ ਚੰਡੀਗੜ੍ਹ ਜੀ ਨੂੰ ਬੋਲੀ ਨੋਟਿਸ ਨੂੰ https://irrigation.punjab.gov.in/ ਦੀ ਵੈਬ ਸਾਈਟ ਤੇ ਅਪਲੋਡ ਕਰਨ ਲਈ ਲਿਖਿਆ ਜਾਂਦਾ ਹੈ।
7. ਆਮ ਜਨਤਾ ਲਈ ਨੋਟਿਸ ਬੋਰਡ।

ਕਾਰਜਕਾਰੀ ਇੰਜੀਨੀਅਰ/ਅਸਟੇਟ
ਲੁਧਿਆਣਾ ਨਹਿਰ ਹਲਕਾ,
ਜਲ ਸਰੋਤ ਵਿਭਾਗ, ਪੰਜਾਬ
ਲੁਧਿਆਣਾ